بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.10.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਅਕਤੂਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ باللّٰه من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَ اِیَّاکَ نَسۡتَعِیۡنُ۔

اِہۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਅੱਜ ਜਿਹੜੇ ਸਹਾਬੀ ਬਾਰੇ ਮੈਂ ਵਰਨਣ ਕਰਾਂਗਾਂ ਉਹਨਾ ਦਾ ਨਾਂ ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਹੈ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਦੇ ਪਿਤਾ ਦਾ ਨਾਂ ਜਬਲ ਬਿਨ ਉਮਰੋ ਸੀ । ਆਪ ਅਤਿਅੰਤ ਚਿੱਟੇ, ਸੁੰਦਰ ਮੁਖੜੇ ਵਾਲੇ, ਚਮਕਦੇ ਦੰਦਾ ਵਾਲੇ ਅਤੇ ਸੁਰਮਈ ਅਖੱਾਂ ਵਾਲੇ ਸਨ । ਆਪ ਆਪਣੀ ਕੌਮ ਦੇ ਨੌਜੁਆਨਾ ਵਿੱਚੋਂ ਬਹੁਤੇ ਸੋਹਣੇ ਗਭਰੂ ਤੇ ਦਿਆਲੂ ਸਨ । ਅਬੂ ਨਈਮ ਬਿਆਨ ਕਰਦੇ ਹਨ ਕਿ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਅੰਸਾਰ ਦੇ ਨੌਜੁਆਨਾਂ ਵਿੱਚੋਂ ਦਿਆਲਤਾ, ਸਹਿਨਸ਼ੀਲਤਾ, ਨਿਮਰਤਾ ਤੇ ਉਦਾਰਤਾ ਵਿੱਚ ਬਹੁਤੇ ਚੰਗੇ ਸਨ । ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਬੈਅਤੇ ਉਕਬਾ ਸਾਨੀਆ ਵਿੱਚ ਸਤੱਰ ਅੰਸਾਰਾਂ ਨਾਲ ਸ਼ਾਮਲ ਹੋਏ ਅਤੇ ਇਸਲਾਮ ਕੁਬੂਲ ਕਰਨ ਸਮੇਂ ਆਪ ਦੀ ਉਮਰ ਅਠਾਰਾਂ ਸਾਲ ਸੀ । ਆਪ ਰਜ਼ੀ ਅਲੱਾਹ ਅਨਹੁ ਬਦਰ, ਉਹਦ ਤੇ ਖ਼ੰਦਕ ਸਮੇਤ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਬਦਰ ਦੀ ਜੰਗ ਵਿੱਚ ਉਸ ਸਮੇਂ ਸ਼ਾਮਲ ਹੋਏ ਜੱਦ ਆਪ ਦੀ ਉਮਰ ਵੀਹ ਜਾਂ ਇੱਕੀ ਸਾਲ ਸੀ । ਇਸਲਾਮ ਕੁਬੂਲ ਕਰਨ ਦੇ ਬਾਦ ਹਜ਼ਰਤ ਮਆਜ਼ ਬਿਨ ਜਬਲ ਨੇ ਬਨੂ ਸਲਮਾ ਦੇ ਨੌਜੁਆਨਾ ਨਾਲ ਮਿਲਕੇ ਬਨੂ ਸਲਮਾ ਦੇ ਬੁੱਤ ਤੋੜੇ ਸਨ ।

ਮੱਕੇ ਦੀ ਫ਼ਤਹ ਦੇ ਬਾਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਹੁਨੈਨ ਵੱਲ ਗਏ ਤਾਂ ਆਪਨੇ ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਨੂੰ ਮੱਕੇ ਵਿੱਚ ਪਿੱਛੇ ਛੱਡਿਆ ਤਾਂ ਜੋ ਉਹ ਮੱਕੇ ਵਾਸੀਆਂ ਨੂੰ ਦੀਨ ਸਿਖਾਉਣ ਅਤੇ ਉਹਨਾ ਨੂੰ ਕੁਰਆਨ ਪੜ੍ਹਾਉਣ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੇ ਤਬੂਕ ਦੀ ਜੰਗ ਵਿੱਚ ਭਰਪੂਰ ਢੰਗ ਨਾਲ ਭਾਗ ਲਿਆ । ਕਤਾਦਹ ਬਿਆਨ ਕਰਦੇ ਹਨ ਕਿ ਮੈਂ ਹਜ਼ਰਤ ਅਨਸ ਰਜ਼ੀ ਅਲੱਾਹ ਅਨਹੁ ਨੂੰ ਕਹਿੰਦਿਆਂ ਹੋਇਆਂ ਸੁਣਿਆ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਜ਼ਮਾਨੇ ਵਿੱਚ ਚਾਰ ਵਿਅਕਤੀਆਂ ਨੇ ਕੁਰਆਨ ਕਰੀਮ ਜਮਾ ਕੀਤਾ ਉਹ ਸਾਰੇ ਅੰਸਾਰ ਹਨ । ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ, ਹਜ਼ਰਤ ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ, ਹਜ਼ਰਤ ਜ਼ੈਦ ਬਿਨ ਸਾਬਤ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਬੂ ਜ਼ੈਦ ਰਜ਼ੀ ਅਲੱਾਹ ਅਨਹੁ । ਹਜ਼ਰਤ ਅਬਦੁਲੱਾਹ ਬਿਨ ਉਮਰ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਮੈਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਫ਼ਰਮਾਉਂਦਿਆਂ ਹੋਇਆਂ ਸੁਣਿਆ ਹੈ ਕਿ ਚਾਰ ਵਿਅਕਤੀਆਂ ਤੋਂ ਕੁਰਆਨ ਸਿੱਖੋ,

ਜਿੰਨ੍ਹਾਂ ਵਿੱਚ ਇਬਨੇ ਮਸਊਦ ਰਜ਼ੀ ਅਲੱਾਹ ਅਨਹੁ, ਅਬੁ ਹੁਜ਼ੈਫ਼ਾ ਦੇ ਗ਼ੁਲਾਮ ਸਾਲਮ ਰਜ਼ੀ ਅਲੱਾਹ ਅਨਹੁ, ਉਬੀ ਬਿਨ ਕਾਅਬ ਰਜ਼ੀ ਅਲੱਾਹ ਅਨਹੁ ਅਤੇ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਹਨ ।

ਹਜ਼ਰਤ ਅਨਸ ਬਿਨ ਮਾਲਕ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਮੇਰੀ ਉਮੱਤ ਵਿੱਚ ਸਭ ਤੋਂ ਵੱਧ ਹਲਾਲ ਤੇ ਹਰਾਮ ਨੂੰ ਜਾਨਣ ਵਾਲੇ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਹਨ।

ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਕ ਦਿਨ ਮਆਜ਼ ਰਜ਼ੀ ਅਲੱਾਹ ਅਨਹੁ ਦਾ ਹੱਥ ਫ਼ੜਕੇ ਫ਼ਰਮਾਇਆ ਕਿ ਹੇ ਮਆਜ਼ ਮੈਂ ਨਿਸ਼ਚੇ ਹੀ ਤੁਹਾਡੇ ਨਾਲ ਪ੍ਰੇਮ ਕਰਦਾ ਹਾਂ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੇਰੇ ਮਾਂ ਬਾਪ ਆਪ'ਤੇ ਕੁਰਬਾਨ ਹੋਣ ਮੈਂ ਵੀ ਆਪ ਨਾਲ ਪ੍ਰੇਮ ਕਰਦਾ ਹਾਂ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੇ, ਮਆਜ਼ ਮੈਂ ਤੁਹਾਨੂੰ ਤਕੀਦ ਕਰਦਾ ਹਾਂ ਕਿ ਹਾਂ ਨਮਾਜ਼ ਦੇ ਬਾਦ ਇਹ ਸਿਮਰਣ ਕਰਨਾ, (اَللّٰهُمَّ اَعِنِّی عَلٰى ذِكْرِكَ وَشُكْرِكَ وَحُسْنِ عِبَادَتِكَ) 'ਅਲੱਾਹੁਮੱਾ ਆਇੱਨੀ ਅਲਾ ਜ਼ਿਕਰਿਕਾ ਵ ਸ਼ੁਕਰਿਕਾ ਵ ਹੁਸਨਿ ਇਬਾਦਾਤਿਕਾ' ਕਿ ਹੇ ਮੇਰੇ ਅਲੱਾਹ ! ਮੇਰੀ ਮਦਦ ਫ਼ਰਮਾ ਆਪਣੇ ਸਿਮਰਣ ਲਈ ਅਤੇ ਆਪਣੇ ਸ਼ੁਕਰਾਨੇ ਲਈ ਤੇ ਆਪਣੀ ਇਬਾਦਤ ਦੀ ਸੁੰਦਰਤਾ ਲਈ । ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁਤ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਕੀ ਮੈਂ ਤੁਹਾਨੂੰ ਸਵਰਗ ਦੇ ਦਰਵਾਜ਼ਿਆਂ ਵਿੱਚੋਂ ਇਕ ਦਰਵਾਜ਼ੇ ਬਾਰੇ ਨਾ ਦਸੱਾਂ, ਤਾਂ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ, ਕਿਉਂ ਨਹੀਂ, ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ (لاحول ولا قوة الا بالله) 'ਲਾ ਹੌਲਾ ਵਲਾ ਕੁਵੱਾਤਾ ਇਲੱਾ ਬਿਲੱਾਹਿ' ਪੜ੍ਹ ਲਿਆ ਕਰੋ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਉਹਨਾ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਅਫ਼ਜ਼ਲ (ਚੰਗੇ) ਇਮਾਨ ਬਾਰੇ ਪੁੱਛਿਆ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਅਫ਼ਜ਼ਲ (ਚੰਗਾ, ਦ੍ਰਿੜ੍ਹ) ਇਮਾਨ ਇਹ ਹੈ ਕਿ ਤੁਸੀ ਰੱਬ ਖ਼ਾਤਰ ਪ੍ਰੇਮ ਕਰੋ ਅਤੇ ਰੱਬ ਖ਼ਾਤਰ ਹੀ ਨਫ਼ਰਤ ਕਰੋ ਅਤੇ ਤੁਸੀਂ ਆਪਣੇ ਬੋਲਾਂ ਨੂੰ ਰੱਬ ਦੇ ਸਿਮਰਣ ਵਿੱਚ ਲਾਈ ਰੱਖੋ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ ਹੇ ਰਸੂਲੁਲੱਾਹ ਹੋਰ ਕੀ ਹੈ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੋਰ ਤੁਸੀਂ ਲੋਕਾਂ ਲਈ ਉਹੋ ਕੁਝ ਪਸੰਦ ਕਰੋ ਜੋ ਤੁਸੀਂ ਆਪਣੇ ਲਈ ਪਸੰਦ ਕਰਦੇ ਹੋ ਅਤੇ ਉਹਨਾ ਲਈ ਉਹ ਚੀਜ਼ ਨਾਪਸੰਦ ਕਰੋ ਜੋ ਤੁਸੀਂ ਆਪਣੇ ਲਈ ਨਾਪਸੰਦ ਕਰਦੇ ਹੋ ।

ਹਜ਼ਰਤ ਜਾਬਰ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਨਮਾਜ਼ ਪੜ੍ਹਿਆ ਕਰਦੇ ਸਨ ਫਿਰ ਆਣਕੇ ਆਪਣੇ ਮੁਹੱਲੇ ਵਿੱਚ ਲੋਕਾਂ ਦੀ ਇਮਾਮਤ ਕਰਦੇ ਸਨ । ਇਕ ਰਾਤ ਉਹਨਾ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਇਸ਼ਾ ਦੀ ਨਮਾਜ਼ ਪੜ੍ਹੀ ਫਿਰ ਆਪਣੇ ਲੋਕਾਂ ਕੋਲ ਆਣਕੇ ਉਹਨਾ ਦੀ ਇਮਾਮਤ ਕੀਤੀ ਤਾਂ ਉਸ ਵਿੱਚ ਸੂਰਤ ਬਕਰਹ ਪੜ੍ਹਨੀ ਸ਼ੁਰੂ ਕਰ ਦਿੱਤੀ । ਇਸ'ਤੇ ਇਕ ਵਿਅਕਤੀ ਅੱਡ ਹੋ ਗਿਆ ਅਤੇ ਇਕੱਲਿਆਂ ਨਮਾਜ਼ ਪੜ੍ਹਕੇ ਚਲਾ ਗਿਆ । ਇਸ'ਤੇ ਲੋਕਾਂ ਨੇ ਉਸ ਨੂੰ ਕਿਹਾ ਕਿ ਹੇ ਫ਼ਲਾਣੇ ਕੀ ਤੂੰ ਮੁਨਾਫ਼ਕ ਹੋ ਗਿਆ ਹੈਂ ਇਸ'ਤੇ ਉਹ ਵਿਅਕਤੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕੋਲ ਆਇਆ ਅਤੇ ਸਾਰੀ ਗੱਲ ਸੁਣਾਈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਆਜ਼ ਵੱਲ ਧਿਆਨ ਦਿੰਦਿਆਂ ਹੋਇਆਂ ਫ਼ਰਮਾਇਆ ਹੇ ਮਆਜ਼ ਕੀ ਤੁਸੀਂ ਪ੍ਰੀਖਿਆ ਵਿੱਚ ਪਾਉਣ ਵਾਲੇ ਹੋ, ਲੋਕਾਂ ਨੂੰ ਕਿਉਂ ਮੁਸ਼ਕਲ ਵਿੱਚ ਪਾਉਂਦੇ ਹੋ ? ਆਪ ਨੇ ਉਹਨਾ ਨੂੰ 'ਵਸ਼ੱਮਸਿ ਵਜ਼ੁੱਹਾਹਾ, ਵਜ਼ੁੱਹਾ, ਵੱਲੈਲਿ ਇਜ਼ਾ ਯਗ਼ਸ਼ਾ ਅਤੇ ਸੱਬਿਹ ਬਿ ਇਸਮਿ ਰੱਬਿਕਲ ਆਲਾ ਜਿਹੀ ਛੋਟੀਆਂ ਸੂਰਤਾਂ ਪੜ੍ਹਨ ਦੀ ਹਿਦਾਇਕ ਕੀਤੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਉਸੂਲੀ ਹਿਦਾਇਤ (ਨਿਰਦੇਸ਼) ਇਹ ਹੈ ਲੰਮੀਆਂ ਸੂਰਤਾਂ ਜਮਾਤ ਨਾਲ ਨਮਾਜ਼ ਵਿੱਚ ਨਹੀਂ ਪੜ੍ਹਾਉਣੀਆਂ ਕਿਉਂਕਿ ਵੱਖ ਵੱਖ ਪ੍ਰਕਾਰ ਦੇ ਲੋਕ ਸ਼ਾਮਲ ਹੁੰਦੇ ਹਨ ਜਿੰਨ੍ਹਾ ਵਿੱਚ ਬੁੱਢੇ, ਰੋਗੀ ਅਤੇ ਕੰਮ ਕਾਜ ਕਰਨ ਵਾਲੇ ਲੋਕ ਵੀ ਹੁੰਦੇ ਹਨ ।

ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਮੈਂ ਸਵਾਰੀ'ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਪਿੱਛੇ ਬੈਠਾ ਹੋਇਆ ਸੀ ਆਪ ਨੇ ਫ਼ਰਮਾਇਆ ਹੇ ਮਆਜ਼ ਮੈਂ ਕਿਹਾ ਮੈਂ ਹਾਜ਼ਰ ਹਾਂ ਹੇ ਰਸੂਲੁਲੱਾਹ ਅਤੇ ਮੇਰੀ ਇਹ

ਖ਼ੁਸ਼ਨਸੀਬੀ ਹੈ ਫਿਰ ਆਪ ਥੋੜੀ ਦੇਰ ਚੱਲੇ ਅਤੇ ਫ਼ਰਮਾਇਆ ਹੇ ਮਆਜ਼, ਮੈਂ ਫਿਰ ਅਰਜ਼ ਕੀਤੀ ਹਾਜ਼ਰ ਹਾਂ ਹੇ ਰਸੂਲੁਲੱਾਹ ਮੇਰੀ ਇਹ ਖ਼ੁਸ਼ਨਸੀਬੀ ਹੈ, ਫਿਰ ਆਪ ਥੋੜੀ ਦੇਰ ਚੱਲੇ ਅਤੇ ਫ਼ਰਮਾਇਆ ਹੇ ਮਆਜ਼, ਮੈਂ ਅਰਜ਼ ਕੀਤੀ ਹਾਜ਼ਰ ਹੇ ਰਸੂਲੁਲੱਾਹ । ਫ਼ਰਮਾਇਆ ਕੀ ਤੁਸੀਂ ਜਾਣਦੇ ਹੋ ਕਿ ਰੱਬ ਦਾ ਬੰਦਿਆਂ ਉਪੱਰ ਕੀ ਹੱਕ ਹੈ ਮੈਂ ਕਿਹਾ ਅਲੱਾਹ ਅਤੇ ਉਸਦਾ ਰਸੂਲ ਬਿਹਤਰ ਜਾਣਦੇ ਹਨ, ਫ਼ਰਮਾਇਆ, ਰੱਬ ਦਾ ਬੰਦਿਆਂ ਉਪੱਰ ਇਹ ਹੱਕ ਹੈ ਕਿ ਉਹ ਉਸ ਦੀ ਇਬਾਦਤ ਕਰਨ ਅਤੇ ਕਿਸੇ ਨੂੰ ਉਸ ਦਾ ਸ਼ਰੀਕ ਨ ਬਨਾਉਣ । ਫਿਰ ਕੁਝ ਦੇਰ ਚੱਲੇ ਅਤੇ ਫ਼ਰਮਾਇਆ ਹੇ ਮਆਜ਼ ਬਿਨ ਜਬਲ ਮੈਂ ਕਿਹਾ ਹਾਜ਼ਰ ਹੇ ਰਸੂਲੁਲੱਾਹ, ਮੇਰੀ ਖ਼ੁਸ਼ਨਸੀਬੀ ਹੈ, ਫ਼ਰਮਾਇਆ ਕੀ ਤੁਸੀਂ ਜਾਣਦੇ ਹੋ ਕਿ ਬੰਦਿਆਂ ਦਾ ਰੱਬ'ਤੇ ਕੀ ਹੱਕ ਹੈ ਤਾਂ ਮੈਂ ਕਿਹਾ ਅਲੱਾਹ ਤੇ ਉਸਦਾ ਰਸੂਲ ਬਿਹਤਰ ਜਾਣਦੇ ਹਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਬੰਦਿਆਂ ਦਾ ਅਲੱਾਹ'ਤੇ ਇਹ ਹੱਕ ਹੈ ਕਿ ਉਹ ਉਹਨਾ ਨੂੰ ਅਜ਼ਾਬ ਨ ਦੇਵੇ ।

ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਇਕ ਦਿਨ ਮੈਂ ਆਪ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿਚ ਅਰਜ਼ ਕੀਤੀ, ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੈਂਨੂੰ ਕੋਈ ਅਜਿਹਾ ਅਮਲ ਦਸੱਣ ਜੋ ਮੈਂਨੂੰ ਸਵਰਗ ਵਿੱਚ ਦਾਖ਼ਲ ਕਰ ਦੇਵੇ ਅਤੇ ਮੈਂਨੂੰ ਅੱਗ ਤੋਂ ਦੂਰ ਰੱਖੇ ਇਸ'ਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਤੁਸੀਂ ਤਾਂ ਇਕ ਬਹੁਤ ਚੰਗੀ ਗੱਲ ਪੁੱਛੀ ਹੈ, ਇਹ ਗੱਲ ਉਸ ਲਈ ਸੌਖੀ ਹੈ ਜਿਸ'ਤੇ ਰੱਬ ਸੌਖੀ ਕਰ ਦੇਵੇ ਫਿਰ ਫ਼ਰਮਾਇਆ ਕਿ ਰੱਬ ਦੀ ਇਬਾਦਤ ਕਰੋ ਅਤੇ ਉਸ ਦੇ ਨਾਲ ਕਿਸੇ ਨੂੰ ਸ਼ਰੀਕ ਨ ਬਣਾਓ, ਨਾਮਜ਼ ਕਇਮ ਕਰੋ, ਜ਼ਕਾਤ ਦਿਓ, ਰਮਜ਼ਾਨ ਦੇ ਰੋਜ਼ੇ ਰੱਖੋ ਅਤੇ ਬੈਅਤੁਲੱਾਹ ਦਾ ਹੱਜ ਕਰੋ । ਫਿਰ ਫ਼ਰਮਾਇਆ ਕੀ ਮੈਂ ਖ਼ੈਰ (ਭਲਾਈ) ਦੇ ਦਰਵਾਜ਼ਿਆਂ ਬਾਰੇ ਨ ਦਸੱਾਂ । ਫ਼ਰਮਾਇਆ ਕਿ ਰੋਜ਼ਾ ਢਾਲ ਹੈ ਅਤੇ ਸਦਕਾ (ਦਾਨ) ਪਾਪਾਂ ਨੂੰ ਇਉਂ ਬੁਝਾਉਂਦਾ ਹੈ ਜਿਵੇਂ ਪਾਣੀ ਅੱਗ ਨੂੰ, ਅਤੇ ਰਾਤ ਵਿਚਕਾਰ ਮਨੁੱਖ ਦਾ ਨਮਾਜ਼ ਪੜ੍ਹਨਾ ਅਰਥਾਤ ਤਹੱਜੁਦ ਪੜ੍ਹਨਾ । ਫਿਰ ਫ਼ਰਮਾਇਆ ਕੀ ਮੈਂ ਤੁਹਾਨੂੰ ਇਸਦਾ ਸਤੰਭ ਤੇ ਇਸਦੀ ਉਚਾਈ ਦੇ ਉਪੱਰੀ ਭਾਗ ਬਾਰੇ ਨ ਦਸੱਾਂ । ਫ਼ਰਮਾਇਆ ਉਹ ਜਿਹਾਦ ਹੈ । ਫਿਰ ਫ਼ਰਮਾਇਆ ਕੀ ਮੈਂ ਤੁਹਾਨੂੰ ਅਜਿਹੀ ਗੱਲ ਨ ਦਸੱਾਂ ਜਿਸ'ਤੇ ਇਸਦਾ ਸਾਰਾ ਧੁਰਾ ਹੈ ਮੈਂ ਅਰਜ਼ ਕੀਤੀ ਜ਼ਰੂਰ ਹੇ ਰਸੂਲੁਲੱਾਹ ਇਸ'ਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਆਪਣੀ ਜ਼ਬਾਨ (ਜੀਭ) ਨੂੰ ਫ਼ੜਿਆ ਅਤੇ ਫ਼ਰਮਾਇਆ ਕਿ ਇਸਨੂੰ ਰੋਕ ਰੱਖੋ । ਮੈਂ ਅਰਜ਼ ਕੀਤੀ ਹੇ, ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕੀ ਸਾਡਾ ਹਿਸਾਬ ਲਿਆ ਜਾਏਗਾ ਜੋ ਅਸੀਂ ਇਸ ਰਾਹੀਂ ਬੋਲਦੇ ਹਾਂ, ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਤੇਰਾ ਭਲਾ ਹੋਵੇ ਹੇ ਮਆਜ਼ ਲੋਕਾਂ ਨੂੰ ਮੂੰਹ ਭਾਰ ਨਹੀਂ ਡਿਗਾਉਂਦੀ ਪਰ ਉਹਨਾ ਦੀ ਜ਼ਬਾਨਾਂ (ਬੋਲਾਂ) ਦੀਆਂ ਕੱਟੀਆਂ ਹੋਈਆਂ ਫ਼ਸਲਾਂ । ਹਜ਼ਰਤ ਕਾਅਬ ਬਿਨ ਮਾਲਕ ਕਹਿੰਦੇ ਸਨ ਕਿ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਰਸੂਲੁਲੱਾਹ ਸਲਲੱਾਹੁ ਅਲੱਹਿ ਵਸਲਮ ਦੇ ਜੀਵਨ ਕਾਲ ਵਿੱਚ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੇ ਜ਼ਮਾਨੇ ਵਿੱਚ ਮਦੀਨੇ ਵਿੱਚ ਫ਼ਤਵਾ ਦਿਆ ਕਰਦੇ ਸਨ ।

ਹਜ਼ਰਤ ਮਆਜ਼ ਬਿਨ ਜਬਲ ਹਜ਼ਰਤ ਅਬੂ ਬਕਰ ਦੇ ਕਾਲ ਵਿੱਚ ਸ਼ਾਮ ਚਲੇ ਗਏ ਅਤੇ ਓਥੇ ਹੀ ਨਿਵਾਸ ਕਰ ਲਿਆ ਜਿਸ ਸਮੇਂ ਹਜ਼ਰਤ ਮਆਜ਼ ਬਿਨ ਜਬਲ ਸ਼ਾਮ ਵੱਲ ਰਵਾਨਾ ਹੋਏ ਤਾਂ ਹਜ਼ਰਤ ਉਮਰ ਨੇ ਕਿਹਾ ਕਿ ਇਹਨਾ ਦੇ ਜਾਣ ਨਾਲ ਮਦੀਨਾ ਅਤੇ ਮਦੀਨੇ ਵਾਸੀਆਂ ਨੂੰ ਫ਼ਿਕਾਹ ਵਿੱਚ ਅਤੇ ਜਿੰਨ੍ਹਾ ਕੰਮਾ ਵਿੱਚ ਉਹਨਾ ਨੂੰ ਫ਼ਤਵਾ ਦਿਆ ਕਰਦੇ ਸਨ ਮੁਥਾਜ ਬਣਾ ਦਿਤੱਾ ਹੈ । ਹਜ਼ਰਤ ਮਆਜ਼ ਬਿਨ ਜਬਲ ਜੱਦ ਰਾਤ ਨੂੰ ਨਮਾਜ਼ ਤਹਜੁੱਦ ਪੜ੍ਹਿਆ ਕਰਦੇ ਸਨ ਤਾਂ ਇਹ ਦੁਆ ਮੰਗਿਆ ਕਰਦੇ ਸਨ ਕਿ ਹੇ ਅਲੱਾਹ ਅਖੱਾਂ ਸੁੱਤੀਆਂ ਹੋਈਆਂ ਹਨ ਅਤੇ ਤਾਰੇ ਜਗਮਗਾ ਰਹੇ ਹਨ, ਤੂੰ ਜੀਉਂਦਾ ਤੇ ਸਦਾ ਸਲਾਮਤ ਹੈ । ਹੇ ਅਲੱਾਹ ਸਵਰਗ ਲਈ ਮੇਰੀ ਮੰਗ ਸੁਸਤ ਹੈ ਅਤੇ ਅੱਗ ਤੋਂ ਭਜੱਣਾ ਕਮਜ਼ੋਰ ਤੇ ਮਾੜਾ ਹੈ, ਹੇ ਅਲੱਾਹ ! ਮੇਰੇ ਲਈ ਆਪਣੇ ਕੋਲ ਸੁਮਾਰਗ ਰੱਖ ਦੇ ਜਿਸਨੂੰ ਕਯਾਮਤ ਦੇ ਦਿਨ ਮੈਂਨੂੰ ਪਰਤਾ ਦੇਵੀਂ, ਨਿਸ਼ਚੇ ਹੀ ਤੂੰ ਆਪਣੇ ਵਾਦਿਆਂ ਦੇ ਵਿਰੁਧ ਨਹੀਂ ਕਰਦਾ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿੰਨ੍ਹਾ ਖ਼ੌਫ਼ ਦੇ ਡਰ ਦਾ ਮੁਕਾਮ ਹੈ ।

ਹਜ਼ਰਤ ਅਨਸ ਬਿਨ ਮਾਲਕ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ : ਜੋ ਕੋਈ ਵੀ ਆਪਣੇ ਦਿਲ ਦੀ ਸਚੱਾਈ ਨਾਲ ਇਹ ਗਵਾਹੀ ਦੇਵੇਗਾ ਕਿ ਰੱਬ ਤੋਂ ਬਿਨਾ

ਕੋਈ ਵੀ ਪੂਜਨ ਯੋਗ ਨਹੀਂ ਹੈ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਸਦੇ ਰਸੂਲ ਹਨ ਤਾਂ ਅਲੱਾਹ ਜ਼ਰੂਰ ਉਸਨੂੰ ਅੱਗ ’ਤੇ ਹਰਾਮ ਕਰ ਦੇਵੇਗਾ । ਉਹਨਾ ਨੇ ਕਿਹਾ ਹੇ ਰਸੂਲੁਲੱਾਹ ਕੀ ਮੈਂ ਲੋਕਾਂ ਨੂੰ ਇਸ ਬਾਰੇ ਖ਼ਬਰ ਨ ਦਿਆਂ ਉਹ ਖ਼ੁਸ਼ ਹੋ ਜਾਣਗੇ ? ਆਪ ਨੇ ਫ਼ਰਮਾਇਆ ਫਿਰ ਤਾਂ ਉਹ ਭਰੋਸਾ ਕਰ ਲੈਂਣਗੇ ਕਿ ਐਨ੍ਹੀ ਗੱਲ ਆਖ ਲਈ ਹੈ ਅਤੇ ਬਾਕੀ ਨੇਕੀਆਂ ਨਹੀਂ ਕਰਨਗੇ ਇਸ ਲਈ ਲੋਕਾਂ ਨੂੰ ਨਹੀਂ ਦਸੱਣਾ । ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੇ ਵੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਨ ਦਾ ਪੂਰਾ ਸਨਮਾਨ ਕੀਤਾ ਅਤੇ ਮੌਤ ਸਮੇਂ ਦੱਸਿਆ ਕਿ ਕਿਤੇ ਮਰਦੇ ਸਮੇਂ ਇਕ ਅਤਿਅੰਤ ਜ਼ਰੂਰੀ ਗੱਲ ਦੇ ਨ ਦਸੱਣ ਕਰਕੇ ਉਹਨਾ ਦਾ ਹਿਸਾਬ ਉਚਿਤ ਨ ਹੋਵੇ ਕਿ ਅਲੱਾਹ ਕਹੇ ਕਿ ਤੁਹਾਡੀ ਜਾਣਕਾਰੀ ਵਿੱਚ ਇਹ ਗੱਲ ਆਈ ਤੁਸੀਂ ਅੱਗੇ ਨਹੀਂ ਦੱਸੀ ।

ਹਜ਼ਰਤ ਮਆਜ਼ ਬਿਨ ਜਬਲ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਤਬੂਕ ਦੇ ਸੋਮੇ ’ਤੇ ਪਹੁੰਚਣ ਦਾ ਆਦੇਸ਼ ਦਿਤੱਾ ਅਤੇ ਫ਼ਰਮਾਇਆ ਕਿ ਸੋਮੇ ਦੇ ਪਾਣੀ ਨੂੰ ਉਕੱਾ ਹੀ ਨ ਛੂਹਣਾ । ਸੋਮੇਂ ਵਿੱਚੋਂ ਬਹੁਤ ਬਰੀਕ ਧਾਰ ਰਾਹੀਂ ਬਹੁਤ ਘੱਟ ਪਾਣੀ ਵਹਿ ਰਿਹਾ ਸੀ । ਆਪ ਸਲਲੱਾਹੁ ਅਲੈਹਿ ਵਸਲਮ ਉੱਥੇ ਪਹੁੰਚੇ ਅਤੇ ਉਸ ਸੋਮੇਂ ਤੋਂ ਇਕ ਭਾਂਡੇ ਵਿੱਚ ਪਾਣੀ ਇਕਠੱਾ ਕੀਤਾ ਗਿਆ । ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਸ ਵਿੱਚੋਂ ਆਪਣੇ ਦੋਵੇਂ ਹੱਥ ਧੋਤੇ ਅਤੇ ਮੂੰਹ ਧੋਤਾ ਫਿਰ ਇਸ ਪਾਣੀ ਨੂੰ ਇਸ ਸੋਮੇਂ ਵਿੱਚ ਮੁੜ ਪਾ ਦਿਤੱਾ ਤਾਂ ਸੋਮਾਂ ਤੇਜ਼ੀ ਨਾਲ ਵਹਿਣ ਲਗੱਾ ਇੱਥੋਂ ਤੱਕ ਕਿ ਲੋਕਾਂ ਨੇ ਰਜੱਕੇ ਪੀਤਾ ਫਿਰ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ ਮਆਜ਼ ਜੇਕਰ ਤੇਰੀ ਉਮਰ ਲੰਮੀ ਹੋਈ ਤਾਂ ਤੂੰ ਦੇਖ ਲਏਂਗਾ ਕਿ ਇਹ ਥਾਂ ਬਾਗਾਂ ਨਾਲ ਭਰੀ ਗਈ ਹੈ । ਇਬਨੇ ਵਸਾਅ ਕਹਿੰਦੇ ਹਨ ਕਿ ਮੈਂ ਇਸ ਸੋਮੇ ਦੇ ਆਲ੍ਹੇ ਦੁਆਲੇ ਸਾਰੀ ਥਾਂ ਦੇਖੀ ਹੈ ਰੁਖੱਾਂ ਦੀ ਹਰਿਆਵਲੀ ਅਤੇ ਨਿਖਾਰ ਐਨ੍ਹਾ ਸੀ ਕਿ ਸੰਭਵਤਾ ਇਹ ਕਯਾਮਤ ਤੱਕ ਰਹਿਣ ਵਾਲਾ ਹੈ ਅਤੇ ਅਜਿਹੀ ਆਪ ਦੀ ਭਵਿੱਖਬਾਣੀ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ ਬਾਕੀ ਫਿਰ ਭਵਿੱਖ ਵਿੱਚ ਜ਼ਿਕਰ ਹੋਵੇਗਾ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਫ਼ਰਜ਼ਾਨ ਖ਼ਾਨ ਸਾਹਬ ਮੁਬਲੱਗ਼ ਸਿਲਸਿਲਾ ਉੜੀਸਾ, ਮੁਕਰੱਮ ਅਬਦੁਲੱਾਹ ਮੋਸੀਕੋ ਸਾਹਬ ਲੋਕਲ ਮਿਸ਼ਨਰੀ ਮਲੇਸ਼ੀਆ ਅਤੇ ਮੁਕਰੱਮ ਅਬਦੁਲ ਵਾਹਿਦ ਸਾਹਬ ਮੁਅੱਲਿਮ ਸਿਲਸਿਲਾ ਕਾਦੀਆਂ ਦਾ ਜ਼ਿਕਰੇ ਖ਼ੈਰ ਕੀਤਾ । ਜੁਮਏ ਦੀ ਨਮਾਜ਼ ਦੇ ਬਾਦ ਇਹਨਾ ਮਰਹੂਮਾਂ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਏ ਜਾਣ ਦਾ ਐਲਾਨ ਕੀਤਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ، عِبَادَ اللّٰهِ رحمكم الله اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 23.10.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131